# ਨਿੱਜਤਾ ਨੀਤੀ

ਇਸ ਨਿੱਜਤਾ ਨੀਤੀ ("ਨੀਤੀ") ਵਿੱਚ ਅਸੀਂ, Qualcomm Incorporated ਅਤੇ ਸਾਡੀਆਂ ਸਹਾਇਕ ਕੰਪਨੀਆਂ (ਸਮੂਹਿਕ ਰੂਪ ਵਿੱਚ "ਅਸੀਂ", "ਸਾਡਾ", ਜਾਂ "ਆਪਣਾ"), ਇਸ ਬਾਰੇ ਜਾਣਕਾਰੀ ਮੁਹੱਈਆ ਕਰਦੇ ਹਾਂ ਕਿ ਅਸੀਂ ਨਿੱਜੀ ਡੈਟੇ ਨੂੰ ਕਿਵੇਂ ਇਕੱਤਰ ਕਰਦੇ ਹਾਂ, ਵਰਤਦੇ ਹਾਂ, ਪ੍ਰਕਿਰਿਆ ਵਿੱਚ ਲਿਆਉਂਦੇ ਅਤੇ ਤਬਦੀਲ ਕਰਦੇ ਹਾਂ। Qualcomm Incorporated ਅਤੇ ਸਾਡੀਆਂ ਸਹਾਇਕ ਕੰਪਨੀਆਂ ਇੱਕ ਕੌਮਾਂਤਰੀ ਸੰਗਠਨ ਹੈ ਜੋ ਉਸ ਡੈਟੇ ਨੂੰ ਸਾਂਝਾ ਕਰਦੀਆਂ ਹਨ ਜਿਸ ਦਾ ਅਸੀਂ ਦੁਨੀਆਂ ਭਰ ਵਿੱਚ ਸਮੁੱਚੇ ਕਾਰੋਬਾਰਾਂ (ਕਾਨੂੰਨੀ ਸੰਸਥਾਵਾਂ), ਕਾਰੋਬਾਰੀ ਪ੍ਰਕਿਰਿਆਵਾਂ, ਅਤੇ ਸੂਚਨਾ ਸਿਸਟਮਾਂ ਲਈ ਪ੍ਰਬੰਧਨ ਕਰਦੇ ਹਾਂ। ਇਸ ਲਈ, ਅਸੀਂ ਇਸ ਨੀਤੀ ਵਾਸਤੇ, "ਨਿੱਜੀ ਡੈਟਾ" ਸ਼ਬਦ ਵਿਆਪਕ ਤੌਰ 'ਤੇ ਸਾਡੇ 'ਤੇ ਲਾਗੂ ਹੋਣ ਵਾਲੇ ਬਹੁਤ ਸਾਰੇ ਨਿੱਜਤਾ ਅਤੇ ਡੈਟਾ ਸੁਰੱਖਿਆ ਕਾਨੂੰਨਾਂ ਨੂੰ ਕਵਰ ਕਰਨ ਲਈ ਵਰਤਦੇ ਹਾਂ; "ਨਿੱਜੀ ਡੈਟੇ" ਦਾ ਅਰਥ ਪਛਾਣ ਕਰਨ ਯੋਗ ਸੁਭਾਵਿਕ ਵਿਅਕਤੀ ਨਾਲ ਸੰਬੰਧਤ ਜਾਣਕਾਰੀ ਹੈ ਜਾਂ ਜਿਸ ਨੂੰ ਸੁਭਾਵਿਕ ਵਿਅਕਤੀ ਦੀ ਪਛਾਣ ਕਰਨ ਲਈ ਉਚਿਤ ਢੰਗ ਨਾਲ ਵਰਤਿਆ ਜਾ ਸਕਦਾ ਹੈ (ਆਪਣੇ ਆਪ ਵਿੱਚ ਜਾਂ ਹੋਰ ਡੈਟੇ ਨਾਲ ਜੋੜ ਕੇ ਜੋ ਉਚਿਤ ਤੌਰ 'ਤੇ ਉਪਲਬਧ ਹੁੰਦਾ ਹੈ)।

## ਦਾਇਰਾ

ਇਹ ਨੀਤੀ ਸਾਡੀਆਂ ਵੈੱਬਸਾਈਟਾਂ, ਉਤਪਾਦਾਂ, ਸੇਵਾਵਾਂ, ਸਾਫ਼ਟਵੇਅਰ, ਜਾਂ ਐਪਾਂ 'ਤੇ ਲਾਗੂ ਹੁੰਦੀ ਹੈ ਜਿਸ 'ਤੇ ਅਸੀਂ ਇਸ ਨੀਤੀ ਦਾ ਸਿੱਧਾ ਸੰਪਰਕ ਪੋਸਟ ਕਰਦੇ ਹਾਂ ਜਾਂ ਜਿਨ੍ਹਾਂ ਬਾਰ□ ਇਸ ਨੀਤੀ ਅੰਦਰ ਹਵਾਲਾ ਦਿੱਤਾ ਜਾਂਦਾ ਹੈ (ਸਮੂਹਿਕ ਰੂਪ ਵਿੱਚ "ਸੇਵਾਵਾਂ")। ਇਹ ਨੀਤੀ ਸੇਵਾਵਾਂ ਰਾਹੀਂ ਇਕੱਤਰ ਕੀਤੇ ਡੈਟਾ ਨੂੰ ਹੀ ਕਵਰ ਕਰਦੀ ਹੈ ਅਤੇ ਕਿਸੇ ਹੋਰ ਡੈਟੇ ਜਾਂ ਪ੍ਰੋਸੈਸਿੰਗ ਨੂੰ ਸ਼ਾਮਲ ਨਹੀਂ ਕਰਦੀ, ਜਿਸ ਵਿੱਚ ਬਗੈਰ ਕਿਸੇ ਸੀਮਾਬੱਧਤਾ ਤੋਂ, ਉਹਨਾਂ ਹੋਰਨਾਂ ਸੇਵਾਵਾਂ ਦੇ ਡੈਟਾ ਇਕੱਤਰ ਕਰਨ ਦੇ ਵਿਹਾਰ ਸ਼ਾਮਲ ਹਨ, ਜੋ ਆਪਣੀਆਂ ਖੁਦ ਦੀਆਂ, ਵੱਖਰੀਆਂ ਨਿੱਜਤਾ ਨੀਤੀਆਂ ਰੱਖਦੇ ਹਨ। ਕਦੇ-ਕਦਾਈਂ, ਅਸੀਂ ਇਸ ਨੀਤੀ ਦਾ ਹਵਾਲਾ ਸਰਵੇਖਣਾਂ ਅਤੇ ਵਿਸ਼ੇਸ਼-ਉਦੇਸ਼ ਵਾਲੇ ਵੈੱਬ ਪੇਜਾਂ ਲਈ ਦਿੰਦੇ ਹਾਂ, ਮਿਸਾਲ ਲਈ ਸਾਡੇ ਕੈਰੀਅਰ ਵੈੱਬ ਪੇਜਾਂ ਲਈ; ਅਜਿਹੇ ਹਾਲਾਤ ਵਿੱਚ, ਇਹ ਨੀਤੀ ਖਾਸ ਨੋਟਿਸ ਜਾਂ ਸਹਿਮਤੀ ਬੇਨਤੀ ਵਿੱਚ ਕੀਤੀ ਗਈ ਸੋਧ ਵੱਜੋਂ ਲਾਗੂ ਹੁੰਦੀ ਹੈ (ਮਿਸਾਲ ਲਈ ਇਕੱਤਰ ਕੀਤੇ ਡੈਟੇ ਦੀਆਂ ਕਿਸਮਾਂ ਜਾਂ ਇਕੱਤਰ ਕਰਨ ਦੇ ਉਦੇਸ਼ਾਂ ਦੇ ਸਬੰਧ ਵਿੱਚ)।

# ਡੈਟੇ ਦੀ ਕਿਸਮਾਂ ਅਤੇ ਇਕੱਤਰ ਕਰਨ ਦੀ ਤਰੀਕੇ

ਅਸੀਂ ਹੇਠਾਂ ਵਰਨਣ ਕੀਤੇ ਤਰੀਕੇ ਰਾਹੀਂ ਵੱਖ-ਵੱਖ ਤਰ੍ਹਾਂ ਦਾ ਨਿੱਜੀ ਡੈਟਾ ਇਕੱਤਰ ਕਰਦੇ ਹਾਂ। ਅਸੀਂ ਜੋ ਡੈਟਾ ਇਕੱਤਰ ਕਰਦੇ ਹਾਂ ਉਸ ਬਾਰੇ ਤੁਹਾਡੇ ਕੋਲ ਵਿਕਲਪ ਹੁੰਦੇ ਹਨ। ਜਦੋਂ ਤੁਹਾਨੂੰ ਸਾਨੂੰ ਡੈਟਾ ਮੁਹੱਈਆ ਕਰਨ ਲਈ ਕਿਹਾ ਜਾਂਦਾ ਹੈ, ਤਾਂ ਤੁਸੀਂ ਅਜਿਹਾ ਨਾ ਕਰਨ ਦੀ ਚੋਣ ਕਰ ਸਕਦੇ ਹੋ। ਪਰ ਜੇ ਤੁਸੀਂ ਡੈਟਾ ਮੁਹੱਈਆ ਕਰਨ ਤੋਂ ਇਨਕਾਰ ਕਰਦੇ ਹੋ, ਤਾਂ ਲਾਗੂ ਹੋਣ ਵਾਲੇ ਉਤਪਾਦ ਜਾਂ ਸੇਵਾਵਾਂ ਨੂੰ ਵਰਤਣ ਦੀ ਤੁਹਾਡੀ ਸਮਰੱਥਾ ਘਟਾਈ ਜਾਂ ਸੀਮਤ ਕੀਤੀ ਜਾ ਸਕਦੀ ਹੈ।

**ਡੈਟਾ ਜੋ ਤੁਸੀਂ ਜਮਾਂ ਕਰਵਾਉਂਦੇ ਹੋ।** ਅਸੀਂ ਤੁਹਾਡਾ ਨਾਮ, ਈਮੇਲ ਪਤਾ(ਪਤੇ), ਡਾਕ ਪਤਾ(ਪਤੇ), ਟੈਲੀਫੋਨ ਨੰਬਰ, ਅਤੇ ਤੁਹਾਡੇ ਕਾਰੋਬਾਰ, ਜਿਸ ਦੀ ਤੁਸੀਂ ਪ੍ਰਤਿਨਿਧਤਾ ਕਰਦੇ ਹੋ, ਸਬੰਧੀ ਉਸ ਸਮੇਂ ਡੈਟਾ ਇਕੱਤਰ ਕਰਦੇ ਹਾਂ ਜਦੋਂ ਤੁਸੀਂ ਸਾਡੇ ਤੋਂ ਜਾਣਕਾਰੀ ਲਈ ਬੇਨਤੀ ਕਰਦੇ ਹੋ, ਰਜਿਸਟਰ ਹੁੰਦੇ ਹੋ, ਉਤਪਾਦ ਜਾਂ ਸੇਵਾ ਲਈ ਆਰਡਰ ਦਿੰਦੇ ਹੋ, ਜਾਂ ਕਿਸੇ ਹੋਰ ਤਰ੍ਹਾਂ ਨਾਲ ਸੋਚ-ਸਮਝ ਕੇ ਸਾਨੂੰ ਇਹ ਜਾਣਕਾਰੀ ਭੇਜਦੇ ਹੋ। ਪੈਸੇ ਵਸੂਲਣਯੋਗ ਸੇਵਾਵਾਂ ਦੇ ਸਬੰਧ ਵਿੱਚ, ਅਸੀਂ ਭੁਗਤਾਨ ਬਾਰੇ ਜਾਣਕਾਰੀ (ਕ੍ਰੈਡਿਟ ਕਾਰਡ ਨੰਬਰ ਅਤੇ ਸੰਬੰਧਤ ਪੁਸ਼ਟੀ ਵਾਲਾ ਡੈਟਾ), ਫੋਨ ਨੰਬਰ, ਅਤੇ ਬਿਲਿੰਗ ਅਤੇ ਸ਼ਿਪਿੰਗ ਪਤੇ ਵੀ ਇਕੱਤਰ ਕਰਦੇ ਹਾਂ।

**ਉਹ ਡੈਟਾ ਜੋ ਅਸ�� ਆਪਣੀਆਂ ਵੈੱਬਸਾਈਟਾਂ ਤੋਂ ਆਪਣੇ ਆਪ ਇਕੱਤਰ ਕਰਦੇ ਹਾਂ।** ਜਦੋਂ ਤੁਸੀਂ ਸਾਡੀ ਕਿਸੇ ਇੱਕ ਵੈੱਬਸਾਈਟ 'ਤੇ ਜਾਂਦੇ ਹੋ, ਤਾਂ ਅਸੀਂ ਤੁਹਾਡੇ ਕੰਪਿਊਟਰ ਜਾਂ ਮੋਬਾਈਲ ਡਿਵਾਈਸ ਤੋਂ ਆਮ ਡੈਟਾ ਇਕੱਤਰ ਕਰਦੇ ਹਾਂ ਜਿਵੇਂ ਕਿ ਤੁਹਾਡੇ ਬ੍ਰਾਊਜ਼ਰ ਦੀ ਕਿਸਮ, ਆਪਰੇਟਿੰਗ ਸਿਸਟਮ, IP ਪਤਾ ਅਤੇ ਡੋਮੇਨ ਦਾ ਨਾਮ ਜਿੱਥੋਂ ਤੁਸੀਂ ਸਾਈਟ ਤੱਕ ਪਹੁੰਚ ਕੀਤੀ ਸੀ, ਅਤੇ ਜੇ ਤੁਸੀਂ ਆਪਣੇ ਮੋਬਾਈਲ ਡਿਵਾਈਸ ਤੋਂ ਸਾਡੀ ਸਾਈਟ ਤੱਕ ਪਹੁੰਚ ਕਰ ਰਹੇ ਹੋ, ਤਾਂ ਮੋਬਾਈਲ ਡਿਵਾਈਸ ਦੀ ਕਿਸਮ। ਇਸ ਤੋਂ ਇਲਾਵਾ, ਅਸੀਂ ਇਸ ਬਾਰੇ ਡੈਟਾ ਇਕੱਤਰ ਕਰਦੇ ਹਾਂ ਕਿ ਤੁਸੀਂ ਸਾਡੀਆਂ ਵੈੱਬਸਾਈਟਾਂ ਦੀ ਕਿਵੇਂ ਵਰਤੋਂ ਕਰਦੇ ਹੋ, ਜਿਵੇਂ ਕਿ ਤਾਰੀਖ਼ ਅਤੇ ਸਮਾਂ ਜਦੋਂ ਤੁਸੀਂ ਸਾਡੀ ਸਾਈਟ 'ਤੇ ਗਏ, ਸਾਈਟ ਦੇ ਖੇਤਰ ਜਾਂ ਪੰਨੇ ਜਿੱਥੇ ਤੁਸੀਂ ਜਾਂਦੇ ਹੋ, ਸਮਾਂ ਜੋ ਤੁਸੀਂ ਸਾਈਟ ਨੂੰ ਦੇਖਣ ਲਈ ਬਤੀਤ ਕਰਦੇ ਹੋ, ਕਿੰਨੀ ਵਾਰੀ ਤੁਸੀਂ ਸਾਈਟ 'ਤੇ ਵਾਪਸ ਜਾਂਦੇ ਹੋ ਅਤੇ ਹੋਰ ਕਲਿੱਕ-ਸਟ੍ਰੀਮ ਡੈਟਾ।

**ਕੂਕੀਜ਼।** ਆਪਣੀਆਂ ਵੈੱਬਸਾਈਟਾਂ ਜਾਂ ਵੈੱਬ ਐਪ ਦੀ ਤੁਹਾਡੀ ਵਰਤੋਂ ਬਾਰੇ ਅਸੀਂ ਡੈਟਾ ਇਕੱਤਰ ਕਰਨ ਲਈ ਕੂਕੀਜ਼, ਵੈੱਬ ਬੀਕਨਾਂ, ਜਾਂ ਇਸੇ ਤਰ੍ਹਾਂ ਦੀਆਂ ਤਕਨਾਲੋਜੀਆਂ ਵਰਤਦੇ ਹਾਂ। ਇੱਕ ਕੂਕੀ ਇੱਕ ਥੋੜ੍ਹੇ ਜਿਹੇ ਟੈਕਸਟ ਵਾਲੀ ਫਾਈਲ ਹੁੰਦੀ ਹੈ ਜਿਸ ਨੂੰ ਤੁਹਾਡੇ ਕੰਪਿਊਟਰ ਜਾਂ ਡਿਵਾਈਸ ਦੀ ਹਾਰਡ ਡ੍ਰਾਇਵ 'ਤੇ ਉਸ ਸਮੇਂ ਸਟੋਰ ਕੀਤਾ ਜਾਂਦਾ ਹੈ ਜਦੋਂ ਤੁਸੀਂ ਸਾਈਟ ਤੱਕ

ਪਹੁੰਚ ਕਰਦੇ ਹੋ। ਅਸੀਂ ਆਪਣੀਆਂ ਸਾਈਟਾਂ ਅਤੇ ਸੇਵਾਵਾਂ ਨੂੰ ਚਲਾਉਣ ਵਿੱਚ ਮਦਦ ਲਈ ਕੂਕੀਜ਼ ਦੀ ਵਰਤੋਂ ਕਰਦੇ ਹਾਂ, ਜਿਸ ਵਿੱਚ ਸ਼ਾਮਲ ਹੈ: (1) ਤੁਹਾਨੂੰ ਯਾਦ ਕਰਵਾਉਣਾ ਤਾਂ ਜੋ ਜਦੋਂ ਤੁਸੀਂ ਸਾਈਟ 'ਤੇ ਵਾਪਸ ਆਉਂਦੇ ਹੋ ਤਾਂ ਤੁਹਾਨੂੰ ਉਹੀ ਜਾਣਕਾਰੀ ਦੁਬਾਰਾ ਨਾ ਦਰਜ ਕਰਨੀ ਪਏ, (2) ਤੁਹਾਨੂੰ ਮੁਆਫ਼ਕ ਬਣਾਈ ਸਮੱਗਰੀ ਮੁਹੱਈਆ ਕਰਨੀ ਜਾਂ ਸਾਈਟ 'ਤੇ ਪੇਸ਼ਕਸ਼ ਕਰਨੀ; (3) ਸਾਈਟ ਦੀ ਕਾਰਗੁਜ਼ਾਰੀ ਦਾ ਨਿਰੀਖਣ ਕਰਨ, ਖੋਜ ਕਰਨ, ਆਪਣੀ ਸਮੱਗਰੀ ਅਤੇ ਸੇਵਾਵਾਂ ਵਿੱਚ ਸੁਧਾਰ ਕਰਨ ਵਾਸਤੇ ਮਦਦ ਲਈ ਸਮੁੱਚੇ ਅੰਕੜੇ ਤਿਆਰ ਕਰਨ ਲਈ, ਅਤੇ (4) ਆਪਣੀਆਂ ਸਾਈਟਾਂ ਅਤੇ ਸੇਵਾਵਾਂ ਦੀ ਰੱਖਿਆ ਦੀ ਸੁਰੱਖਿਆ ਵਿੱਚ ਮਦਦ ਲਈ।

ਅਸੀਂ ਹੋਰਨਾਂ ਕੰਪਨੀਆਂ, ਜਿਵੇਂ ਕਿ ਵੈੱਬ ਵਿਸ਼ਲੇਸ਼ਣ ਸਬੰਧੀ ਭਾਈਵਾਲ��, ਵਿਗਿਆਪਨਦਾਤਾਵਾਂ, ਜਾਂ ਇਸ਼ਤਿਹਾਰ ਦੇ ਨੈਟਵਰਕਾਂ, ਨੂੰ ਸਾਈਟ 'ਤੇ ਆਪਣੀਆਂ ਕੂਕੀਜ਼ ਜਾਂ ਵੈੱਬ ਬੀਕਨ (ਜਿਨ੍ਹਾਂ ਨੂੰ 1x1 pixel.gifs ਜਾਂ ਐਕਸ਼ਨ ਟੈਗ ਕਿਹਾ ਜਾਂਦਾ ਹੈ) ਸੈੱਟ ਕਰਨ ਜਾਂ ਪਹੁੰਚ ਕਰਨ ਦੀ ਆਗਿਆ ਦਿੰਦੇ ਹਾਂ। ਮਿਸਾਲ ਲਈ, ਅਸੀਂ ਸਮੁੱਚੇ ਇੰਟਰਨੈੱਟ 'ਤੇ ਆਪਣੀ ਤਰਫੋਂ ਇਸ਼ਤਿਹਾਰ ਦੇਣ ਲਈ ਜਾ� ਸਾਡੀ ਸਾਈਟ 'ਤੇ ਹੋਰਨਾਂ ਕੰਪਨੀਆਂ ਲਈ ਇਸ਼ਤਿਹਾਰਾਂ ਦਾ ਪ੍ਰਦਰਸ਼ਨ ਕਰਨ ਲਈ ਤੀਜੀ ਧਿਰ ਇਸ਼ਤਿਹਾਰ ਕੰਪਨੀਆਂ ਦੀ ਵਰਤੋਂ ਕਰਦੇ ਹਾਂ। ਇਹ ਤੀਜੀ-ਧਿਰ ਇਸ਼ਤਿਹਾਰ ਕੰਪਨੀਆਂ, ਸਾਡੇ ਸਮੇਤ, ਆਪਣੇ ਗਾਹਕਾਂ ਲਈ ਇਸ਼ਤਿਹਾਰਾਂ ਦੀ ਅਸਰਦਾਇਕਤਾ ਦੀ ਪੈਮਾਇਸ਼ ਕਰਨ ਅਤੇ ਸੁਧਾਰ ਕਰਨ ਲਈ ਕੂਕੀਜ਼ ਅਤੇ ਵੈੱਬ ਬੀਕਨਾਂ ਦੀ ਵਰਤੋਂ ਕਰਦੀਆ� ਹਨ। ਅਜਿਹਾ ਕਰਨ ਲਈ ਇਹ ਕੰਪਨੀਆਂ ਸਮਾਂ ਬੀਤਣ ਨਾਲ ਸਾਡੀ ਸਾਈਟ ਅਤੇ ਹੋਰਨਾਂ ਵੈੱਬਸਾਈਟਾਂ 'ਤੇ ਤੁਹਾਡੇ ਜਾਣ ਬਾਰੇ ਡੈਟਾ ਵਰਤਦੀਆਂ ਹਨ। ਇਸ ਡੈਟੇ ਵਿੱਚ ਸ਼ਾਮਲ ਹੋ ਸਕਦਾ ਹੈ: ਦਿਖਾਏ ਗਏ ਬੈਨਰ ਇਸ਼ਤਿਹਾਰ ਦੀ ਤਾਰੀਖ਼/ਸਮਾਂ, ਉਹਨਾਂ ਦੀ ਕੂਕੀਜ਼ ਵਿੱਚ ਸ਼ਾਮਲ ਵਿਲੱਖਣ ਪਛਾਣਕਰਤਾ, ਅਤੇ ਤੁਹਾਡੇ ਡਿਵਾਈਸ ਦਾ IP ਪਤਾ। ਇਸ ਡੈਟੇ ਨੂੰ ਇਸ਼ਤਿਹਾਰਾਂ ਨੂੰ ਵਿਅਕਤੀਗਤ ਬਣਾਉਣ ਲਈ ਵੀ ਵਰਤਿਆ ਜਾ ਸਕਦਾ ਹੈ ਤਾਂ ਜੋ ਤੁਹਾਡੇ ਦੁਆਰਾ ਇੰਟਰਨੈੱਟ ਦੀਆਂ ਵਸਤੂਆਂ ਅਤੇ ਸੇਵਾਵਾਂ ਬਾਰੇ ਇਸ਼ਤਿਹਾਰ ਦੇਖਣ ਦੀ ਜ਼ਿਆਦਾ ਸੰਭਾਵਨਾ ਹੋਵੇ। ਜੇ ਤੁਸੀਂ ਇਸ ਵਿਹਾਰ ਅਤੇ ਵਿਅਕਤੀਗਤ ਬਣਾਏ ਇਸ਼ਤਿਹਾਰ ਬਾਰੇ ਆਪਣੀ ਚੋਣ ਬਾਰੇ ਜ਼ਿਆਦਾ ਜਾਣਕਾਰੀ ਲੈਣੀ ਚਾਹੋਗੇ ਤਾਂ ਇਸ ਬਾਹਰ ਹੋਣ ਦੇ ਲੇਖ 'ਤੇ ਜਾਓ।

ਤੁਹਾਨੂੰ ਕੂਕੀਜ਼ ਤੋਂ ਇਨਕਾਰ ਕਰਨ ਦੀ ਖੁੱਲ੍ਹ ਹੁੰਦੀ ਹੈ, ਪਰ ਅਜਿਹਾ ਕਰਕੇ, ਤੁਸੀਂ ਸਾਈਟ 'ਤੇ ਕੁਝ ਵਿਸ਼ੇਸ਼ਤਾਵਾਂ ਦੀ ਵਰਤੋਂ ਨਹੀਂ ਕਰ ਸਕਦੇ ਜਾਂ ਸਾਡੀਆਂ ਸਾਰੀਆਂ ਪੇਸ਼ਕਸ਼ਾਂ ਦਾ ਪੂਰਾ ਲਾਭ ਨਹੀਂ ਲੈ ਸਕਦ�। ਇਹ ਪਤਾ ਲਗਾਉਣ ਲਈ ਕਿ ਆਪਣੀਆਂ ਕੂਕੀ ਬਾਰੇ ਤਰਜੀਹਾਂ ਨੂੰ ਕਿਵੇਂ ਬਦਲਣਾ ਹੈ ਆਪਣੇ ਬ੍ਰਾਊਜ਼ਰ ਦਾ "ਹੈਲਪ (ਮਦਦ)" ਮੇਨੂ ਦੇਖੋ। ਜ਼ਿਆਦਾ ਜਾਣਕਾਰੀ ਲੈਣ ਲਈ, ਕਿਰਪਾ ਕਰਕੇ ਸਾਡੀ ਕੂਕੀ ਨੀਤੀ ਦੇਖੋ।

**ਸਾਫ਼ਟਵੇਅਰ ਅਤੇ ਐਪਾਂ:** Qualcomm Incorporated ਦੀਆਂ ਸਹਾਇਕ ਕੰਪਨੀਆਂ ਨੇ ਮੋਬਾਈਲ ਡਿਵਾਈਸਾਂ ਲਈ ਕਈ ਤਰ੍ਹਾਂ ਦੇ ਸਾਫ਼ਟਵੇਅਰ ਅਤੇ ਐਪਲੀਕੇਸ਼ਨਾਂ ਬਣਾਈਆਂ ਹਨ ਜੋ ਮੋਬਾਈਲ ਡਿਵਾਈਸ ਦੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਨ, ਬੈਟਰੀ ਦੀ ਊਰਜਾ ਨੂੰ ਬਚਾਉਣ, ਡਿਵਾਈਸ ਦੀ ਸੁਰੱਖਿਆ ਵਿੱਚ ਸੁਧਾਰ ਕਰਨ, ਜਾਂ ਹੋਰ ਫਾਇਦੇ ਪੇਸ਼ ਕਰਨ ਵਿੱਚ ਮਦਦ ਕਰ ਸਕਦੀਆਂ ਹਨ। ਇਹਨਾਂ ਸਾਫ਼ਟਵੇਅਰ ਐਪਲੀਕੇਸ਼ਨਾਂ ਰਾਹੀਂ, ਅਸੀਂ ਟਿਕਾਣੇ ਦੇ ਡੈਟੇ, ਵਿਲੱਖਣ ਪਛਾਣਕਰਤਾ (ਜਿਵੇਂ ਕਿ ਚਿਪਸੈਟ ਲੜੀ ਨੰਬਰ ਜਾਂ ਕੌਮਾਂਤਰੀ ਗਾਹਕ ਦੀ ID), ਡਿਵਾਈਸ 'ਤੇ ਸਥਾਪਤ ਅਤੇ/ਜਾਂ ਚਲਾਈਆਂ ਜਾਂਦੀਆਂ ਐਪਲੀਕੇਸ਼ਨਾਂ ਬਾਰੇ ਡੈਟਾ, ਕੰਪਨੀ, ਮਾਡਲ, ਅਤੇ ਵਾਇਰਲੈੱਸ ਕੈਰੀਅਰ ਵਰਗਾ ਕਨਫਿਗਰੇਸ਼ਨ ਡੈਟਾ, ਆਪਰੇਟਿੰਗ ਸਿਸਟਮ ਅਤੇ ਸੰਸਕਰਨ ਸਬੰਧੀ ਡੈਟਾ, ਸਾਫ਼ਟਵੇਅਰ ਦਾ ਬਿਲਡ ਡੈਟਾ, ਅਤੇ ਡਿਵਾਈਸ ਦੀ ਕਾਰਗੁਜ਼ਾਰੀ ਬਾਰੇ ਡੈਟਾ, ਜਿਵੇਂ ਕਿ ਚਿਪਸੈਟ, ਬੈਟਰੀ ਦੀ ਵਰਤੋਂ, ਅਤੇ ਥਰਮਲ ਡੈਟਾ, ਇਕੱਤਰ ਕਰ ਸਕਦੇ ਹਾਂ। ਹੋਰ ਜਾਣੋ

**ਤੀਜੀ ਧਿਰ ਦੇ ਸ੍ਰੋਤ:** ਅਸੀਂ ਤੀਜੀ ਧਿਰ ਦੇ ਸ੍ਰੋਤਾਂ ਤੋਂ ਵੀ ਨਿੱਜੀ ਡੈਟਾ ਪ੍ਰਾਪਤ ਕਰ ਸਕਦੇ ਹਾਂ ਜਿਵੇਂ ਕਿ ਡੈਟਾ ਬ੍ਰੋਕਰਾਂ, ਸੋਸ਼ਲ ਨੈੱਟਵਰਕਾਂ, ਹੋਰਨਾਂ ਭਾਈਵਾਲਾਂ, ਜਾਂ ਜਨਤਕ ਸ੍ਰੋਤਾਂ ਤੋਂ।

# ਇਕੱਤਰ ਕਰਨ ਦੇ ਉਦੇਸ਼, ਡੈਟੇ ਦੀ ਵਰਤੋਂ

ਅਸੀਂ ਤੁਹਾਡੀ ਸਹਿਮਤੀ ਨਾਲ ਅਤੇ/ਜਾਂ ਤੁਹਾਡੇ ਵੱਲੋਂ ਵਰਤੇ ਜਾਂਦੇ ਉਤਪਾਦ ਮੁਹੱਈਆ ਕਰਨ ਲਈ ਜ਼ਰੂਰੀ ਹੋਣ 'ਤੇ, ਆਪਣਾ ਕਾਰੋਬਾਰ ਚਲਾਉਣ ਲਈ, ਆਪਣੀਆਂ ਅਨੁਬੰਧਕ ਅਤੇ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ, ਆਪਣੇ ਸਿਸਟਮਾਂ ਅਤੇ ਆਪਣੇ ਗਾਹਕਾਂ ਦੀ ਸੁਰੱਖਿਆ ਦੀ ਰੱਖਿਆ ਕਰਨ, ਜਾਂ ਹੋਰ ਜਾਇਜ਼ ਹਿੱਤਾਂ ਨੂੰ ਪੂਰਾ ਕਰਨ ਲਈ ਤੁਹਾਡੇ ਬਾਰੇ ਨਿੱਜੀ ਡੈਟਾ ਇਕੱਤਰ ਕਰਦੇ ਹਾਂ ਅਤੇ ਪ੍ਰਕਿਰਿਆ ਵਿੱਚ ਲਿਆਉਂਦੇ ਹਾਂ। ਅਸੀਂ ਜਿਹੜੇ ਉਦੇਸ਼ਾਂ ਲਈ ਡੈਟਾ ਇਕੱਤਰ ਕਰਦੇ ਅਤੇ ਵਰਤਦੇ ਹਾਂ ਉਸ ਵਿੱਚ ਸ਼ਾਮਲ ਹਨ:

- ਤੁਸੀਂ ਸਾਨੂੰ ਜੋ ਬੇਨਤੀ ਭੇਜੀ ਸੀ, ਜਿਵੇਂ ਕਿ ਜਾਣਕਾਰੀ ਲਈ ਤੁਹਾਡੀ ਬੇਨਤੀ, ਜਾਂ ਸੇਵਾ ਦਾ ਗਾਹਕ ਬਣਨ ਜਾਂ ਉਤਪਾਦ ਖਰੀਦਣ ਲਈ ਤੁਹਾਡੀ ਬੇਨਤੀ, ਦਾ ਉੱਤਰ ਦੇਣਾ;
- ਤੁਸੀਂ ਜਿਹੜੀ(ਆਂ) ਸੇਵਾ(ਵਾਂ) ਲਈ ਬੇਨਤੀ ਕਰਦੇ ਹੋ ਉਹਨਾਂ ਨੂੰ ਮੁਹੱਈਆ ਕਰਨਾ, ਉਹਨਾਂ ਦਾ ਪ੍ਰਬੰਧਨ ਕਰਨਾ, ਉਹਨਾਂ ਦੀ ਸਾਂਭ-ਸੰਭਾਲ ਕਰਨੀ ਅਤੇ ਉਹਨਾਂ ਨੂੰ ਸੁਰੱਖਿਅਤ ਕਰਨਾ;

- ਆਪਣੇ ਕਾਰੋਬਾਰ ਨੂੰ ਚਲਾਉਣ ਅਤੇ ਇਸ ਵਿੱਚ ਸੁਧਾਰ ਕਰਨਾ, ਜਿਸ ਵਿੱਚ ਆਪਣੀਆਂ ਸੇਵਾਵਾਂ ਅਤੇ ਸਾਡੇ ਸਿਸਟਮਾਂ ਨੂੰ ਚਲਾਉਣਾ, ਸੁਰੱਖਿਅਤ ਕਰਨਾ ਅਤੇ ਸੁਧਾਰਨਾ, ਨਵੇਂ ਉਤਪਾਦ ਅਤੇ ਸੇਵਾਵਾਂ ਵਿਕਸਿਤ ਕਰਨੀਆਂ ਸ਼ਾਮਲ ਹੈ, ਅਤੇ ਹੋਰ ਅੰਦਰੂਨੀ ਕਾਰੋਬਾਰੀ ਉਦੇਸ਼ਾਂ ਲਈ;
- ਆਪਣੀਆਂ ਸੇਵਾਵਾਂ ਦੇ ਉਪਯੋਗਕਰਤਾਵਾਂ ਦੀਆਂ ਤਰਜੀਹਾਂ ਨੂੰ ਬਿਹਤਰ ਢੰਗ ਨਾਲ ਸਮਝਣਾ, ਆਪਣੀਆਂ ਸੇਵਾਵਾਂ ਦੀ ਵਰਤੋਂ ਬਾਰੇ ਇਕੱਤਰ ਕੀਤੇ ਅੰਕੜਿਆਂ ਨੂੰ ਸੰਕਲਿਤ ਕਰਨਾ, ਅਤੇ ਆਪਣੀ ਵੈੱਬਸਾਈਟ ਅਤੇ ਸੇਵਾਵਾਂ ਬਾਰੇ ਤੁਹਾਡੇ ਤਜਰਬੇ ਨੂੰ ਵਿਅਕਤੀਗਤ ਬਣਾਉਣ ਵਿੱਚ ਮਦਦ ਕਰਨੀ;
- ਆਪਣੀਆਂ ਤਕਨਾਲੋਜੀਆਂ, ਉਤਪਾਦ ਜਾਂ ਸੇਵਾ ਦੇ ਰਿਲੀਜ਼ਾਂ, ਖ਼ਬਰਾਂ, ਅਤੇ ਹੋਰ ਸੂਚਨਾ ਦੇ ਅਦਾਨ-ਪ੍ਰਦਾਨਾਂ ਬਾਰੇ ਜਾਣਕਾਰੀ ਮੁਹੱਈਆ ਕਰਵਾਉਣੀ; ਅਤੇ
- ਕੋਈ ਵੀ ਹੋਰ ਵਰਤੋਂ ਜਿਸ ਦਾ ਅਸੀਂ ਇਸ ਨੀਤੀ ਵਿੱਚ ਵਰਨਣ ਕਰਦੇ ਹਾਂ ਜਾਂ ਉਸ ਜਗ੍ਹਾ 'ਤੇ ਜਿੱਥੇ ਅਸੀਂ ਡੈਟਾ ਇਕੱਤਰ ਕਰਦੇ ਹਾਂ।

ਇਹਨਾਂ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ, ਅਤੇ ਲਾਗੂ ਹੋਣ ਵਾਲੇ ਕਾਨੂੰਨ ਦੁਆਰਾ ਆਗਿਆ ਦਿੱਤੀ ਹੱਦ ਤੱਕ, ਅਸੀਂ ਵੱਖ-ਵੱਖ ਸ੍ਰੋਤਾਂ ਤੋਂ ਇਕੱਤਰ ਕੀਤੇ ਵੱਖ-ਵੱਖ ਤਰ੍ਹਾਂ ਦੇ ਡੈਟੇ ਨੂੰ ਆਪਸ-ਵਿੱਚ ਮਿਲਾ ਸਕਦੇ ਹਾਂ।

# ਅਸੀਂ ਡੈਟੇ ਨੂੰ ਕਿੱਥੇ ਸਟੋਰ ਅਤੇ ਪ੍ਰੋਸੈਸ ਕਰਦੇ ਹਾਂ

ਅਸੀਂ ਅਮਰੀਕਾ ਅਤੇ ਦੁਨੀਆਂ ਭਰ ਦੇ ਸਰਵਰਾਂ 'ਤੇ ਡੈਟਾ ਸਟੋਰ ਅਤੇ ਪ੍ਰੋਸੈਸ ਕਰਦੇ ਹਾਂ, ਜਿਸ ਵਿੱਚ ਬਗੈਰ ਕਿਸੇ ਸੀਮਾ ਦੇ, ਏਸ਼ੀਆ ਅਤੇ ਯੂਰਪੀ ਆਰਥਿਕ ਖੇਤਰ ਸ਼ਾਮਲ ਹਨ। ਇਸ ਨੀਤੀ ਮੁਤਾਬਕ ਅਸੀਂ ਜਿੱਥੇ ਵੀ ਨਿੱਜੀ ਡੈਟਾ ਸਟੋਰ ਜਾਂ ਪ੍ਰੋਸੈਸ ਕਰਦੇ ਹਾਂ, ਅਸੀਂ ਇਹ ਯਕੀਨੀ ਬਣਾਉਣ ਲਈ ਉਪਾਅ ਕਰਦੇ ਹਾਂ ਕਿ ਡੈਟੇ ਨੂੰ ਇਸ ਨੀਤੀ ਮੁਤਾਬਕ ਅਤੇ ਲਾਗੂ ਹੋਣ ਵਾਲੇ ਕਾਨੂੰਨ ਦੀ ਪਾਲਣਾ ਤਹਿਤ ਪ੍ਰੋਸੈਸ ਕੀਤਾ ਜਾਵੇ।

ਅਸੀਂ ਨਿੱਜੀ ਡੈਟੇ ਨੂੰ ਯੂਰਪੀ ਆਰਥਿਕ ਖੇਤਰ ਤੋਂ ਹੋਰਨਾਂ ਦੇਸ਼ਾਂ ਵਿੱਚ ਟ੍ਰਾਂਸਫਰ ਕਰ ਸਕਦੇ ਹਾਂ, ਜਿਨ੍ਹਾਂ ਵਿੱਚੋਂ ਕੁਝ ਦੇਸ਼ਾਂ ਨੂੰ ਯੂਰਪੀਅਨ ਕਮਿਸ਼ਨ ਵੱਲੋਂ ਡੈਟਾ ਸੁਰੱਖਿਆ ਲਈ ਢੁਕਵਾਂ ਪੱਧਰ ਹੋਣ ਵੱਜੋਂ ਨਿਰਧਾਰਤ ਨਹੀਂ ਕੀਤਾ ਗਿਆ ਹੈ। ਜਦੋਂ ਅਸੀਂ ਅਜਿਹਾ ਕਰਦੇ ਹਾਂ, ਅਸੀਂ ਟ੍ਰਾਂਸਫਰ ਨੂੰ ਸੰਪੰਨ ਕਰਨ ਲਈ ਕਈ ਤਰ੍ਹਾਂ ਦੇ ਕਾਨੂੰਨੀ ਢਾਂਚਿਆਂ ਦੀ ਵਰਤੋਂ ਕਰਦੇ ਹਾਂ (ਜਿਵੇਂ ਕਿ ਤੁਹਾਡੀ ਸਹਿਮਤੀ ਜਾਂ ਕਾਨੂੰਨੀ ਇਕਰਾਰਨਾਮੇ)।

# ਨਿੱਜੀ ਡੈਟੇ ਦਾ ਖੁਲਾਸਾ

ਅਸੀਂ Qualcomm (ਇਸਦੀਆਂ ਸਹਾਇਕ ਕੰਪਨੀਆਂ ਸਮੇਤ) ਅੰਦਰ ਤੁਹਾਡੇ ਨਿੱਜੀ ਡੈਟੇ ਤੱਕ ਪਹੁੰਚ ਕਰਦੇ ਹਾਂ ਅਤੇ ਤੀਜੀ ਧਿਰ ਦੇ ਵੈਂਡਰ ਜਾਂ ਸੇਵਾ ਪ੍ਰਦਾਤਾ ਨਾਲ ਡੈਟਾ ਸਾਂਝਾ ਕਰਦੇ ਹਾਂ ਜੋ ਇਸ ਨੀਤੀ ਵਿੱਚ ਦਿੱਤੇ ਉਦੇਸ਼ਾਂ ਲਈ ਸਾਡੀ ਤਰਫੋਂ ਡੈਟਾ ਪ੍ਰੋਸੈਸ ਕਰਦੇ ਹਨ। ਅਸੀਂ ਕਰਮਚਾਰੀਆਂ ਅਤੇ ਸਾਡੇ ਕਾਰੋਬਾਰੀ ਗਾਹਕਾਂ ਦੇ ਕਰਮਚਾਰੀਆਂ ਲਈ ਸਿਖਲਾਈ ਜਾਂ ਹੋਰਨਾਂ ਸੇਵਾਵਾਂ ਵੀ ਪੇਸ਼ ਕਰ ਸਕਦੇ ਹਾਂ। ਅਜਿਹੇ ਮਾਮਲਿਆਂ ਵਿੱਚ, ਅਸੀਂ ਪਛਾਣ ਕੀਤੇ ਕਾਰੋਬਾਰੀ ਗਾਹਕਾਂ ਦੀ ਵਪਾਰਕ ਵਰਤੋਂ ਲਈ ਆਪਣੀ ਸਿਖਲਾਈ ਅਤੇ ਹੋਰਨਾਂ ਸੇਵਾਵਾਂ ਦੀ ਵਰਤੋਂ ਸਬੰਧੀ ਡੈਟਾ ਸਾਂਝਾ ਕਰ ਸਕਦੇ ਹਾਂ। ਅਸੀਂ ਕਾਨੂੰਨ ਦੁਆਰਾ ਜ਼ਰੂਰੀ ਬਣਾਏ ਜਾਣ 'ਤੇ ਜਾਂ ਆਪਣੇ ਜਾਂ ਹੋਰਨਾਂ ਦੇ ਕਾਨੂੰਨੀ ਅਧਿਕਾਰਾਂ ਦੀ ਰੱਖਿਆ ਕਰਨ ਜਾਂ ਵਰਤਣ ਦੇ ਹਿੱਤ ਵਿੱਚ ਤੁਹਾਡਾ ਡੈਟਾ ਵਰਤ ਸਕਦੇ ਹਾਂ, ਮਿਸਾਲ ਲਈ ਬਗੈਰ ਕਿਸੇ ਸੀਮਾ ਤੋਂ, ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੀਆਂ ਬੇਨਤੀਆਂ ਦੇ ਸਬੰਧ ਵਿੱਚ ਅਤੇ ਅਦਾਲਤੀ ਕਾਰਵਾਈਆਂ ਦੇ ਸਬੰਧ ਵਿੱਚ। ਅਸੀਂ ਆਪਣੇ ਸਮੁੱਚੇ ਕਾਰੋਬਾਰ ਜਾਂ ਇਸ ਦੇ ਹਿੱਸਿਆਂ ਦੀ ਸੰਭਾਵੀ ਜਾਂ ਅਸਲ ਵਿਕਰੀ, ਰਲੇਵੇਂ, ਤਬਦੀਲੀ ਜਾਂ ਕਿਸੇ ਹੋਰ ਮੁੜ-ਸੰਗਠਨ ਦੇ ਸਬੰਧ ਵਿੱਚ ਤੁਹਾਡੇ ਡੈਟੇ ਨੂੰ ਸਾਂਝਾ ਕਰ ਸਕਦੇ ਹਾਂ ਜਾਂ ਟ੍ਰਾਂਸਫਰ ਕਰ ਸਕਦੇ ਹਾਂ। ਆਖਰ ਵਿੱਚ, ਅਸੀਂ ਤੁਹਾਡੇ ਨਿੱਜੀ ਡੈਟੇ ਨੂੰ ਉੱਥੇ ਵੀ ਸਾਂਝਾ ਕਰ ਸਕਦੇ ਹਾਂ ਜਿੱਥੇ ਤੁਸੀਂ ਸਾਨੂੰ ਆਗਿਆ ਦਿੱਤੀ ਹੈ।

# ਤੁਹਾਡੇ ਵਿਕਲਪ

**ਚੋਣ ਕਰਨੀ/ਚੋਣ ਛੱਡਣੀ।** ਕੁਝ ਹਾਲਾਤ, ਜਿਵੇਂ ਕਿ ਈਮੇਲ ਮਾਰਕੀਟਿੰਗ, ਵਿੱਚ ਅਸੀਂ ਕਈ ਤਰ੍ਹਾਂ ਦੇ ਡੈਟਾ ਇਕੱਤਰ ਕਰਨ, ਵਰਤਣ ਜਾਂ ਸਾਂਝਾ ਕਰਨ ਲਈ ਚੋਣ ਕਰਨ ਜਾਂ ਚੋਣ-ਛੱਡਣ ਦੀ ਪੇਸ਼ਕਸ਼ ਕਰ ਸਕਦੇ ਹਾਂ। ਅਜਿਹੇ ਹਾਲਾਤ ਵਿੱਚ, ਅਸੀਂ ਤੁਹਾਡੀ ਚੋਣ ਦਾ ਸਤਿਕਾਰ ਕਰਾਂਗੇ।

**ਡੈਟਾ ਸਬਜੈਕਟ ਦੇ ਅਧਿਕਾਰ।** ਕੁਝ ਦੇਸ਼ਾਂ ਜਾ� ਰਾਜਾਂ ਦੇ ਕਾਨੂੰਨ ਤੁਹਾਡੇ ਨਿੱਜੀ ਡੈਟਾ ਦੇ ਸੰਬੰਧ ਵਿੱਚ ਤੁਹਾਨੂੰ ਪਹੁੰਚ ਪ੍ਰਾਪਤ ਕਰਨ, ਸੋਧ ਕਰਨ, ਮਿਟਾਉਣ, ਪ੍ਰਤਿਬੰਧਤ ਕਰਨ ਜਾਂ ਦੂਜੇ ਅਧਿਕਾਰਾਂ ਲਈ ਬੇਨਤੀ ਕਰਨ ਦਿੰਦੇ ਹਨ। ਉਹਨਾਂ ਅਧਿਕਾਰਾਂ ਨੂੰ ਅਜ਼ਮਾਉਣ ਲਈ ਇੱਥੇ ਕਲਿਕ ਕਰੋ।

**ਟਰੈਕ ਨਾ ਕਰੋ**। ਵਰਤਮਾਨ ਵਿੱਚ ਅਸੀਂ ਵੈੱਬ ਬ੍ਰਾਊਜ਼ਰਾਂ ਵੱਲੋਂ ਭੇਜੇ "ਟਰੈਕ ਨਾ ਕਰੋ" ("DNT") ਸਿਗਨਲਾਂ ਦਾ ਉੱਤਰ ਨਹੀਂ ਦਿੰਦੇ। ਇਹ ਨਿਰਧਾਰਣ ਕਰਨ ਲਈ ਅਜੇ ਸਰਬ-ਵਿਆਪੀ ਮਿਆਰ ਅਪਣਾਇਆ ਨਹੀਂ ਗਿਆ ਹੈ ਕਿ DNT ਸਿਗਨਲਾਂ ਦੀ

ਕਿਵੇਂ ਵਿਆਖਿਆ ਕਰਨੀ ਚਾਹੀਦੀ ਹੈ ਅਤੇ ਉਹਨਾਂ ਨੂੰ ਪ੍ਰਾਪਤ ਕਰਨ ਲਈ ਵੈੱਬਸਾਈਟਾਂ ਅਤੇ ਤੀਜੀ ਧਿਰ ਵੱਲੋਂ ਕਿਹੜੀਆਂ ਕਾਰਵਾਈਆਂ ਕਰਨੀਆਂ ਚਾਹੀਦੀਆਂ ਹਨ। ਪਰ, ਤੁਸੀਂ ਡੈਟਾ ਇਕੱਤਰ ਕਰਨ ਅਤੇ ਵਰਤਣ ਨੂੰ ਨਿਯੰਤ੍ਰਿਤ ਕਰਨ ਲਈ ਹੋਰ ਕਈ ਤਰ੍ਹਾਂ ਦੇ ਤਰੀਕੇ ਵਰਤ ਸਕਦੇ ਹੋ, ਜਿਸ ਵਿੱਚ ਤੁਹਾਡੀਆਂ ਬ੍ਰਾਊਜ਼ਰ ਸੈਟਿੰਗਾਂ ਵਿੱਚ ਕੂਕੀ ਕੰਟਰੋਲ ਅਤੇ ਉੱਪਰ ਕੂਕੀਜ਼ ਵਾਲੇ ਭਾਗ ਵਿੱਚ ਵਰਨਣ ਕੀਤੇ ਵਿਅਕਤੀਗਤ ਬਣਾਏ ਵਿਗਿਆਪਨ ਕੰਟਰੋਲ ਸ਼ਾਮਲ ਹਨ।

## ਸੰਭਾਲਣਾ

ਤੁਹਾਡੇ ਖਾਤੇ ਦੇ ਕਾਰਜਸ਼ੀਲ ਹੋਣ ਸਮੇਂ, ਜਾਂ ਤੁਹਾਨੂੰ ਸੇਵਾਵਾਂ ਮੁਹੱਈਆਂ ਕਰਨ ਦੀ ਲੋੜ ਵੱਜੋਂ ਅਸੀਂ ਨਿੱਜੀ ਡੈਟਾ ਸੰਭਾਲ ਕੇ ਰੱਖਦੇ ਹਾਂ। ਜਦੋਂ ਉਸ ਕਾਰੋਬਾਰੀ ਉਦੇਸ਼, ਜਿਸ ਲਈ ਡੈਟਾ ਇਕੱਤਰ ਕੀਤਾ ਗਿਆ ਸੀ, ਲਈ ਇਹ ਹੋਰ ਜ਼ਰੂਰੀ ਨਹੀਂ ਰਹਿੰਦਾ, ਤਾਂ ਉਸ ਤੋਂ ਬਾਅਦ ਅਸੀਂ ਉਚਿਤ ਸਮੇਂ ਅੰਦਰ ਨਿੱਜੀ ਡੈਟਾ ਮਿਟਾ ਦੇਵਾਂਗੇ। ਪਰ, ਅਸੀਂ ਆਪਣੀਆਂ ਕਾਨੂੰਨੀ ਲੋੜਾਂ ਦੀ ਪਾਲਣਾ ਕਰਨ, ਵਿਵਾਦਾਂ ਦਾ ਨਿਪਟਾਰਾ ਕਰਨ, ਅਤੇ ਆਪਣੇ ਸਮਝੌਤਿਆਂ ਨੂੰ ਲਾਗੂ ਕਰਨ ਲਈ ਜ਼ਰੂਰੀ ਹੋਣ ਵੱਜੋਂ ਨਿੱਜੀ ਡੈਟੇ ਨੂੰ ਸੰਭਾਲ ਕੇ ਰੱਖਾਂਗੇ ਅਤੇ ਵਰਤਾਂਗੇ।

## ਸੁਰੱਖਿਆ

ਇੰਟਰਨੈੱਟ ਉੱਤੇ ਟ੍ਰਾਂਸਮਿਸ਼ਨਾਂ ਕਦੇ ਵੀ 100% ਸੁਰੱਖਿਅਤ ਜਾਂ ਤਰੁੱਟੀ-ਮੁਕਤ ਨਹੀਂ ਹੁੰਦੀਆਂ। ਅਸੀਂ ਤੁਹਾਡੇ ਡੈਟੇ ਦੀ ਗੁਆਚਣ, ਦੁਰਵਰਤੋਂ, ਅਤੇ ਅਣਅਧਿਕਾਰਤ ਪਹੁੰਚ, ਖੁਲਾਸੇ, ਬਦਲਾਅ, ਅਤੇ ਨਸ਼ਟ ਕੀਤੇ ਜਾਣ ਤੋਂ ਰੱਖਿਆ ਕਰਨ ਲਈ ਵਾਜਬ ਕਦਮ ਚੁੱਕਦੇ ਹਾਂ। ਜੇ ਤੁਹਾਨੂੰ ਕਦੇ ਸ਼ੱਕ ਹੁੰਦਾ ਹੈ ਕਿ ਸਾਡੀ ਕਿਸੇ ਸੇਵਾ ਲਈ ਤੁਹਾਡਾ ਪਾਸਵਰਡ ਜਾਂ ਉਪਯੋਗਕਰਤਾ ਆਈਡੀ ਖਤਰੇ ਵਿੱਚ ਆ ਗਿਆ ਹੈ, ਤਾਂ ਆਪਣੇ ਪਾਸਵਰਡਾਂ ਅਤੇ ਉਪਯੋਗਕਰਤਾ ID ਆਂ ਦੀ ਰੱਖਿਆ ਕਰਨ ਅਤੇ ਹੇਠਾਂ ਸੂਚੀਬੱਧ ਕੀਤੇ ਸੰਪਰਕ ਤਰੀਕਿਆਂ ਵਿੱਚੋਂ ਕਿਸੇ ਇੱਕ ਦੀ ਵਰਤੋਂ ਕਰਦਿਆਂ ਸਾਨੂੰ ਇਸ ਬਾਰੇ ਸੂਚਿਤ ਕਰਨ ਦੀ ਜ਼ਿੰਮੇਵਾਰੀ ਤੁਹਾਡੀ ਹੁੰਦੀ ਹੈ। ਤੁਹਾਡੇ ਪਾਸਵਰਡ ਅਤੇ ਉਪਯੋਗਕਰਤਾ ID ਰਾਹੀਂ ਦਿੱਤੀਆਂ ਜਾਂਦੀਆਂ ਸਾਡੀਆਂ ਸੇਵਾਵਾਂ ਦੀ ਕਿਸੇ ਅਣਅਧਿਕਾਰਤ ਵਰਤੋਂ ਲਈ ਤੁਸੀਂ ਇੱਕਮਾਤਰ ਰੂਪ ਵਿੱਚ ਜ਼ਿੰਮੇਵਾਰ ਹੁੰਦੇ ਹੋ।

## ਬੱਚਿਆਂ ਦੀ ਨਿੱਜਤਾ

ਸਾਡੀਆਂ ਸੇਵਾਵਾਂ ਬਾਲਗਾਂ ਲਈ ਹਨ। ਅਸੀਂ ਲਾਗੂ ਹੋਣ ਵਾਲੇ ਕਾਨੂੰਨ ਦੀ ਪਰਿਭਾਸ਼ਾ ਮੁਤਾਬਕ ਇਰਾਦਤਨ ਜਾਂ ਜਾਣ-ਬੁਝ ਕੇ ਬੱਚਿਆਂ ਤੋਂ ਨਿੱਜੀ ਤੌਰ 'ਤੇ ਪਛਾਣਯੋਗ ਜਾਣਕਾਰੀ ਇਕੱਤਰ ਨਹੀਂ ਕਰਦੇ ਹਾਂ ਅਤੇ ਅਸੀਂ ਬੇਨਤੀ ਕਰਦੇ ਹਾਂ ਕਿ ਬੱਚੇ ਸਾਨੂੰ ਕੋਈ ਵੀ ਨਿੱਜੀ ਡੈਟਾ ਨਾ ਭੇਜਣ।

# ਸੋਧਾਂ

ਅਸੀਂ ਕਿਸੇ ਵੀ ਸਮੇਂ ਇਸ ਨੀਤੀ ਦੇ ਹਿੱਸਿਆਂ ਵਿੱਚ ਤਬਦੀਲੀ, ਸੋਧ, ਵਾਧਾ ਕਰਨ ਜਾਂ ਹਟਾਉਣ ਦਾ ਹੱਕ ਰਾਖਵਾਂ ਰੱਖਦੇ ਹਾਂ, ਪਰ ਨੀਤੀ 'ਤੇ ਉਸ ਤਾਰੀਖ਼, ਜਦੋਂ ਇਸ ਨੂੰ ਆਖਰੀ ਵਾਰ ਨਵਿਆਇਆ ਗਿਆ ਸੀ, ਬਾਰੇ ਦੱਸ ਕੇ ਤੁਹਾਨੂੰ ਸਚੇਤ ਕਰਾਂਗੇ ਕਿ ਤਬਦੀਲੀਆਂ ਕੀਤੀਆਂ ਗਈਆਂ ਹਨ। ਜੇ ਨੀਤੀ ਵਿੱਚ ਕੋਈ ਵੱਡੀ ਤਬਦੀਲੀ ਕਰਦੇ ਹਾਂ, ਤਾਂ ਅਸੀਂ ਘੱਟੋ-ਘੱਟ ਤੀਹ ਦਿਨ ਪਹਿਲਾਂ ਤੁਹਾਨੂੰ ਢੁਕਵਾਂ ਆਨਲਾਈਨ ਨੋਟਿਸ ਮੁਹੱਈਆ ਕਰਾਂਗਾ ਅਤੇ/ਜਾਂ ਕਾਨੂੰਨ ਵੱਲੋਂ ਜ਼ਰੂਰੀ ਬਣਾਏ ਅਨੁਸਾਰ ਤੁਹਾਡੀ ਜ਼ਾਹਰਾ ਸਹਿਮਤੀ ਲਵਾਂਗੇ। ਜਦੋਂ ਤੁਸੀਂ ਸਾਡੀਆਂ ਵੈੱਬਸਾਈਟਾਂ 'ਤੇ ਜਾਂਦੇ ਹੋ ਜਾਂ ਸਾਡੀਆਂ ਸੇਵਾਵਾਂ ਵਰਤਦੇ ਹੋ, ਤਾਂ ਤੁਸੀਂ ਇਸ ਨੀਤੀ ਦੇ ਮੌਜੂਦਾ ਸੰਸਕਰਨ ਨੂੰ ਸਵੀਕਾਰ ਕਰ ਰਹੇ ਹੁੰਦੇ ਹੋ। ਅਸੀਂ ਸਿਫਾਰਸ਼ ਕਰਦੇ ਹਾਂ ਕਿ ਉਪਯੋਗਕਰਤਾ ਕਿਸੇ ਵੀ ਤਬਦੀਲੀਆਂ ਬਾਰੇ ਪਤਾ ਲਗਾਉਣ ਲਈ ਸਮੇਂ-ਸਮੇਂ 'ਤੇ ਇਸ ਨੀਤੀ ਨੂੰ ਮੁੜ ਦੇਖਣ।

# ਸਾਡੇ ਨਾਲ ਸੰਪਰਕ ਕਰੋ

ਸਾਡੇ ਨਾਲ ਸੰਪਰਕ ਕਰਨ ਲਈ, ਸਾਨੂੰ privacy[ਐਟ]qualcomm[ਡੋਟ]com 'ਤੇ ਈਮੇਲ ਭੇਜੋ, ਜਾਂ ਇਸ ਪਤੇ 'ਤੇ ਲਿਖੋ: Qualcomm Incorporated, Attn. Privacy Counsel, 5775 Morehouse Drive, San Diego, CA 92121.

ਪ੍ਰਭਾਵੀ ਮਿਤੀ: 30 ਅਪ੍ਰੈਲ 2019 ਮੰਗਲਵਾਰ

2019 Qualcomm Technologies, Inc. ਅਤੇ/ਜਾਂ ਇਸਦੀਆਂ ਸਹਾਇਕ ਕੰਪਨੀਆਂ।